# ਓਇਸਟਰ ਦਾ ਵੱਧ ਤੋਂ ਵੱਧ ਲਾਭ ਉਠਾਓ

## ਪ੍ਰਯੋਗਕਰਤਾ ਸੂਚਨਾ-ਪੁਸਤਕ

ਜਨਵਰੀ **2009** ਤੋਂ ਅਗਲੇ ਨੋਟਿਸ ਤਕ।



# ਓਇਸਟਰ (Oyster) ਤੁਹਾਡੇ ਲਈ ਕੀ ਕਰ ਸਕਦਾ ਹੈ?

ਓਇਸਟਰ ਬੱਸ, ਟਿਊਬ (Tube), ਟ੍ਰਾਮ, ਡੀਐਲਆਰ ਅਤੇ ਲੰਡਨ ਓਵਰਗ੍ਰਾਊਂਡ ਸੇਵਾਵਾਂ 'ਤੇ ਯਾਤਰਾਵਾਂ ਕਰਨ ਲਈ ਭੁਗਤਾਨ ਕਰਨ ਦਾ ਸਭ ਤੋਂ ਸਸਤਾ ਤਰੀਕਾ ਹੈ।

ਤੁਹਾਡਾ ਓਇਸਟਰ ਕਾਰਡ ਮੁੜ ਵਰਤੋਂ ਕਰਨ ਯੋਗ ਹੈ। ਤੁਸੀਂ ਆਪਣੇ ਕਾਰਡ ਨੂੰ ਆਨਲਾਈਨ ਸੰਭਾਲ ਸਕਦੇ ਹੋ ਅਤੇ ਆਪਣੀ ਸੀਜ਼ਨ ਟਿਕਟ ਅਤੇ ਪੇ ਐਜ਼ ਯੂ ਗੋ (ਜਾਂਦੇ ਸਮੇਂ ਭੁਗਤਾਨ ਕਰੋ) ਨਕਦੀ ਦੀ ਵੀ ਰੱਖਿਆ ਕਰ ਸਕਦੇ ਹੋ।

ਇਸ ਸੂਚਨਾ-ਪੁਸਤਕ – ਤੁਹਾਡੇ ਸਮੇਂ ਅਤੇ ਪੈਸੇ ਦੀ ਬਚਤ ਕਰਦੇ ਹੋਏ, ਤੁਹਾਨੂੰ ਓਇਸਟਰ ਨੂੰ ਵਰਤਣ ਦੇ ਬਿਹਤਰੀਨ ਢੰਗ ਦਿਖਾਉਂਦੇ ਹੋਏ ਇਸਦਾ ਵੱਧ ਤੋਂ ਵੱਧ ਲਾਭ ਉਠਾਉਣ ਵਿੱਚ ਤੁਹਾਡੀ ਮਦਦ ਕਰਨ ਲਈ ਤਿਆਰ ਕੀਤੀ ਗਈ ਹੈ।



# ਓਇਸਟਰ ਨਾਲ ਆਪਣੀ ਯਾਤਰਾ ਲਈ ਭੁਗਤਾਨ ਕਰਨਾ

ਆਪਣੀ ਯਾਤਰਾ ਲਈ ਭੁਗਤਾਨ ਕਰਨ ਵਾਸਤੇ ਆਪਣੇ ਓਇਸਟਰ ਕਾਰਡ ਦੀ ਵਰਤੋਂ ਕਰਨ ਦੇ ਬਹੁਤ ਸਾਰੇ ਤਰੀਕੇ ਹਨ:

## ਪੇ ਐਜ਼ ਯੂ ਗੋ

**ਜੇ ਤੁਹਾਨੂੰ ਸਿਰਫ਼ ਆਪਣੀਆਂ ਯਾਤਰਾਵਾਂ ਕਰਦੇ ਸਮੇਂ ਹੀ ਭੁਗਤਾਨ ਕਰਨ ਦੀ ਲੋੜ ਮੁਤਾਬਕ ਵਿਵਸਥਾ ਚਾਹੀਦੀ ਹੈ ਤਾਂ ਓਇਸਟਰ ਪੇ ਐਜ਼ ਯੂ ਗੋ ਇੱਕ ਚੰਗੀ ਚੋਣ ਹੈ।**

ਪੇ ਐਜ਼ ਯੂ ਗੋ ਤੁਹਾਨੂੰ ਆਪਣੇ ਓਇਸਟਰ ਕਾਰਡ 'ਤੇ ਇਕਤਰਫ਼ਾ ਯਾਤਰਾਵਾਂ ਲਈ ਭੁਗਤਾਨ ਕਰਨ ਲਈ ਨਕਦੀ ਸਾਂਭਣ ਦੀ ਸਹੂਲਤ ਦਿੰਦਾ ਹੈ, ਜੋ ਕਿ ਨਕਦ ਭੁਗਤਾਨ ਕਰਨ ਦੇ ਮੁਕਾਬਲੇ ਸਸਤਾ ਹੈ। ਸਾਡਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਓਇਸਟਰ ਹਮੇਸ਼ਾ ਘੱਟ ਤੋਂ ਘੱਟ ਕਿਰਾਇਆ ਲਗਾਏ। ਜਿੱਥੇ ਅਜਿਹਾ ਨਹੀਂ ਹੁੰਦਾ ਉੱਥੇ ਅਸੀਂ ਰਕਮ ਵਿਚਲੇ ਫ਼ਰਕ ਨੂੰ ਵਾਪਸ ਕਰਾਂਗੇ।

ਤੁਹਾਡੇ ਓਇਸਟਰ ਕਾਰਡ 'ਤੇ ਨਕਦੀ ਦੀ ਮਿਆਦ ਕਦੇ ਨਹੀਂ ਪੁੱਗਦੀ। ਜਦੋਂ ਤਕ ਤੁਸੀਂ ਇਸਨੂੰ ਵਰਤ ਨਾ ਲਓ ਇਹ ਉੱਥੇ ਹੀ ਰਹਿੰਦੀ ਹੈ। ਜਦੋਂ ਤੁਸੀਂ ਆਪਣੀ ਨਕਦੀ ਦੀ ਵਰਤੋਂ ਕਰ ਲਓ ਤਾਂ ਬਸ ਇਸਨੂੰ ਟੌਪ-ਅੱਪ (ਭਰਵਾ) ਕਰਵਾ ਲਓ।

ਇਸਤੋਂ ਇਲਾਵਾ, ਓਇਸਟਰ ਦੀ ਰੋਜ਼ਾਨਾ ਕੀਮਤ ਦੀ ਹੱਦ ਦੀ ਸਹੂਲਤ ਨਾਲ ਤੁਸੀਂ ਇੱਕ ਦਿਨ ਵਿੱਚ (0430 ਤੋਂ ਲੈ ਕੇ ਅਤੇ ਅਗਲੇ ਦਿਨ 0430 ਵਜੇ ਤੋਂ ਪਹਿਲਾਂ ਤਕ) ਜਿੰਨੀ ਵਾਰ ਚਾਹੋ ਯਾਤਰਾ ਕਰ ਸਕਦੇ ਹੋ, ਅਤੇ ਤੁਸੀਂ ਕਦੇ ਵੀ ਇੱਕ ਬਰਾਬਰ ਦੇ ਡੇ ਟ੍ਰੈਵਲਕਾਰਡ ਜਾਂ ਇੱਕ ਦਿਨ ਦੇ ਬੱਸ ਅਤੇ ਟ੍ਰਾਮ ਪਾਸ ਦੀ ਕੀਮਤ ਨਾਲੋਂ ਵੱਧ ਦਾ ਭੁਗਤਾਨ ਨਹੀਂ ਕਰੋਗੇ। ਸਿਸਟਮ ਇਸ ਅਧਾਰ 'ਤੇ ਹੱਦ ਦਾ ਹਿਸਾਬ ਲਗਾਉਂਦਾ ਹੈ ਕਿ ਤੁਸੀਂ ਕਦੋਂ ਅਤੇ ਕਿਵੇਂ ਯਾਤਰਾ ਕਰਦੇ ਹੋ। ਸਹੀ ਰੋਜ਼ਾਨਾ ਕੀਮਤ ਦੀ ਹੱਦ ਲਾਗੂ ਹੋਵੇ, ਇਸਦੇ ਲਈ ਇਹ ਲਾਜ਼ਮੀ ਹੈ ਕਿ ਤੁਸੀਂ ਸਹੀਂ ਢੰਗ ਨਾਲ ਟੱਚ ਇਨ (ਅੰਦਰ ਜਾਣ ਸਮੇਂ ਛੂਹਣਾ) ਅਤੇ ਟੱਚ ਆਊਟ (ਬਾਹਰ ਨਿਕਲਣ ਸਮੇਂ ਛੂਹਣਾ) ਕਰੋ – ਵੇਰਵਿਆਂ ਲਈ ਕਿਰਪਾ ਕਰਕੇ ਇਹ ਦੇਖੋ, ਆਪਣੇ ਓਇਸਟਰ ਕਾਰਡ ਦੀ ਵਰਤੋਂ ਕਿਵੇਂ ਕੀਤੀ ਜਾਵੇ।

ਜਦੋਂ ਤੁਹਾਨੂੰ ਪਹਿਲੀ ਵਾਰ ਤੁਹਾਡਾ ਓਇਸਟਰ ਕਾਰਡ ਮਿਲੇਗਾ ਤਾਂ ਜੇ ਤੁਸੀਂ ਇਸ ਵਿੱਚ ਸਿਰਫ਼ ਪੇ ਐਜ਼ ਯੂ ਗੋ ਲਈ ਨਕਦੀ ਭਰ ਰਹੇ ਹੋ ਤਾਂ ਤੁਹਾਨੂੰ ਵਾਪਸੀਯੋਗ £3 ਜਮ੍ਹਾਂ ਕਰਾਉਣੇ ਪੈਣਗੇ।

ਇੱਕ ਓਇਸਟਰ ਕਾਰਡ 'ਤੇ ਇੱਕ ਸਮੇਂ 'ਤੇ ਸਿਰਫ਼ ਇੱਕ ਵਿਅਕਤੀ ਹੀ ਪੇ ਐਜ਼ ਯੂ ਗੋ ਨਕਦੀ ਦੀ ਵਰਤੋਂ ਕਰਦੇ ਹੋਏ ਯਾਤਰਾ ਕਰ ਸਕਦਾ ਹੈ। ਹਾਲਾਂਕਿ, ਜਦੋਂ ਤੁਸੀਂ ਇਸਦੀ ਵਰਤੋਂ ਨਹੀਂ ਕਰ ਰਹੇ ਹੋਵੋ ਤਾਂ ਤੁਸੀਂ ਇਸਨੂੰ ਕਿਸੇ ਦੋਸਤ ਨੂੰ ਉਧਾਰ ਦੇ ਸਕਦੇ ਹੋ ਜੇ ਇਸ ਵਿੱਚ ਸਿਰਫ਼ ਬਾਲਗ ਦਰ 'ਤੇ ਪੇ ਐਜ਼ ਯੂ ਗੋ ਨਕਦੀ ਹੈ।

## ਆਟੋ ਟੌਪ-ਅੱਪ

**ਜੇ ਤੁਸੀਂ ਪੇ ਐਜ਼ ਯੂ ਗੋ ਦੀ ਵਰਤੋਂ ਕਰਦੇ ਹੋ ਤਾਂ ਤੁਸੀਂ ਆਟੋ ਟੌਪ-ਅਪ ਕਾਇਮ ਕਰਕੇ ਹੋਰ ਵੀ ਸਮਾਂ ਬਚਾ ਸਕਦੇ ਹੋ।**

ਇਹ ਨਕਦੀ ਜੋੜਨ ਲਈ ਤੁਹਾਡੇ ਲਈ ਕਤਾਰ ਵਿੱਚ ਲੱਗਣ ਦੀ ਲੋੜ ਨੂੰ ਖਤਮ ਕਰ ਦਿੰਦਾ ਹੈ। ਇਸਦੀ ਬਜਾਏ, ਜਦੋਂ ਵੀ ਤੁਹਾਡਾ ਬਕਾਇਆ £5 ਤੋਂ ਹੇਠਾਂ ਜਾਵੇਗਾ, ਤੁਹਾਡਾ ਓਇਸਟਰ ਕਾਰਡ ਆਪਣੇ ਆਪ ਹੀ £20 ਜਾਂ £40 ਨਕਦੀ (ਜੋ ਵੀ ਤੁਸੀਂ ਚੁਣਦੇ ਹੋ) ਨਾਲ ਟੌਪ-ਅੱਪ ਹੋ ਜਾਵੇਗਾ। ਇਸਦਾ ਮਤਲਬ ਹੈ ਕਿ ਤੁਹਾਡੇ ਕੋਲ ਪੇ ਐਜ਼ ਯੂ ਗੋ ਲਈ ਕਦੇ ਵੀ ਨਕਦੀ ਨਹੀਂ ਮੁੱਕੇਗੀ।

ਆਟੋ ਟੌਪ-ਅੱਪ ਕਾਇਮ ਕਰਨ ਲਈ **tfl.gov.uk/oyster** 'ਤੇ ਜਾਓ।



## ਟ੍ਰੈਵਲਕਾਰਡ ਅਤੇ ਬੱਸ ਅਤੇ ਟ੍ਰਾਮ ਪਾਸ ਸੀਜ਼ਨ ਟਿਕਟਾਂ

**ਜੇ ਤੁਸੀਂ ਹਰ ਰੋਜ਼ ਦੇ ਪ੍ਰਯੋਗਕਰਤਾ ਹੋ ਤਾਂ ਤੁਹਾਡੇ ਓਇਸਟਰ ਕਾਰਡ 'ਤੇ ਤਿੰਨ ਸੀਜ਼ਨ ਟਿਕਟਾਂ ਤੱਕ ਸਾਂਭੀਆਂ ਜਾ ਸਕਦੀਆਂ ਹਨ।**

**ਬੱਸ ਅਤੇ ਟ੍ਰਾਮ ਪਾਸਾਂ** ਦੀ ਵਰਤੋਂ ਲੰਡਨ ਦੀਆਂ ਸਾਰੀਆਂ ਬੱਸਾਂ ਅਤੇ ਟ੍ਰਾਮਾਂ 'ਤੇ ਕੀਤੀ ਜਾ ਸਕਦੀ ਹੈ।

**ਟ੍ਰੈਵਲਕਾਰਡਾਂ** ਦੀ ਵਰਤੋਂ ਟਿਊਬ (Tube), ਡੀਐਲਆਰ, ਲੰਡਨ ਓਵਰਗ੍ਰਾਊਂਡ ਅਤੇ ਤੁਹਾਡੀ ਟਿਕਟ ਦੇ ਦਾਇਰੇ ਵਿੱਚ ਆਉਂਦੇ ਜ਼ੋਨਾਂ ਦੇ ਅੰਦਰ ਨੈਸ਼ਨਲ ਰੇਲ 'ਤੇ ਅਤੇ ਇਸ ਚਿੰਨ੍ਹ ਨੂੰ ਦਰਸਾਉਣ ਵਾਲੀਆਂ ਲੰਡਨ ਦੀਆਂ ਸਾਰੀਆਂ ਬੱਸਾਂ 'ਤੇ ਕੀਤੀ ਜਾ ਸਕਦੀ ਹੈ। ਜ਼ੋਨਾਂ 3, 4, 5 ਜਾਂ 6 ਵਿੱਚ ਚੱਲਣ ਵਾਲਾ ਕੋਈ ਵੀ ਟ੍ਰੈਵਲਕਾਰਡ ਟ੍ਰਾਮਾਂ 'ਤੇ ਪ੍ਰਮਾਣਕ ਹੁੰਦਾ ਹੈ।

ਕਿਰਪਾ ਕਰਕੇ ਯਾਦ ਰੱਖੋ ਕਿ ਸੀਜ਼ਨ ਟਿਕਟਾਂ ਸਿਰਫ਼ ਤੁਹਾਡੀ ਵਰਤੋਂ ਲਈ ਹੀ ਹੁੰਦੀਆਂ ਹਨ। ਸੀਜ਼ਨ ਟਿਕਟਾਂ 'ਤੇ ਹੋਰ ਜਾਣਕਾਰੀ ਲਈ **tfl.gov.uk/fares** 'ਤੇ ਜਾਓ।

## ਸੀਜ਼ਨ ਟਿਕਟਾਂ ਅਤੇ ਪੇ ਐਜ਼ ਯੂ ਗੋ ਨੂੰ ਮਿਲਾਉਣਾ

ਓਇਸਟਰ ਨੂੰ ਲੋੜ ਮੁਤਾਬਕ ਬਦਲਣਯੋਗ ਬਣਾਇਆ ਗਿਆ ਹੈ। ਤੁਸੀਂ ਇੱਕੋ ਹੀ ਕਾਰਡ 'ਤੇ ਟ੍ਰੈਵਲਕਾਰਡ, ਬੱਸ ਅਤੇ ਟ੍ਰਾਮ ਪਾਸ ਸੀਜ਼ਨ ਟਿਕਟਾਂ ਅਤੇ ਪੇ ਐਜ਼ ਯੂ ਗੋ ਨਕਦੀ ਸੰਭਾਲ ਸਕਦੇ ਹੋ। ਇਸਦੇ ਕਾਰਨ ਤੁਸੀਂ ਉਹਨਾਂ ਜ਼ੋਨਾਂ ਤੋਂ ਬਾਹਰ ਵੀ ਯਾਤਰਾਵਾਂ ਕਰ ਸਕਦੇ ਹੋ ਜਿਹਨਾਂ ਵਿੱਚ ਤੁਹਾਡਾ ਟ੍ਰੈਵਲਕਾਰਡ ਪ੍ਰਮਾਣਕ ਹੈ। ਬੱਸ ਅਤੇ ਟ੍ਰਾਮ ਪਾਸ ਧਾਰਕ ਟਿਊਬ (Tube), ਡੀਐਲਆਰ, ਲੰਡਨ ਓਵਰਗ੍ਰਾਊਂਡ ਅਤੇ ਸ਼ਾਮਲ ਹੋਣ ਵਾਲੀਆਂ ਨੈਸ਼ਨਲ ਰੇਲ ਸੇਵਾਵਾਂ 'ਤੇ ਯਾਤਰਾਵਾਂ ਲਈ ਵੀ ਅਜਿਹਾ ਹੀ ਕਰ ਸਕਦੇ ਹਨ।

ਲਾਜ਼ਮੀ ਹੈ ਕਿ ਤੁਹਾਡੀ ਯਾਤਰਾ ਪੂਰੀ ਤਰ੍ਹਾਂ ਉਹਨਾਂ ਰੂਟਾਂ 'ਤੇ ਹੀ ਕੀਤੀ ਜਾਵੇ ਜਿੱਥੇ ਪੇ ਐਜ਼ ਯੂ ਗੋ ਸਵੀਕਾਰ ਕੀਤਾ ਜਾਂਦਾ ਹੈ। ਜੇ ਤੁਹਾਡੀ ਯਾਤਰਾ ਵਿੱਚ ਉਹਨਾਂ ਨੈਸ਼ਨਲ ਰੇਲ ਸੇਵਾਵਾਂ 'ਤੇ ਯਾਤਰਾ ਸ਼ਾਮਲ ਹੈ ਜਿੱਥੇ ਪੇ ਐਜ਼ ਯੂ ਗੋ ਸਵੀਕਾਰ ਨਹੀਂ ਕੀਤਾ ਜਾਂਦਾ ਤਾਂ ਤੁਹਾਨੂੰ ਆਪਣੀ ਇਸ ਹਿੱਸੇ ਦੀ ਯਾਤਰਾ ਕਰਨ ਲਈ ਕਾਗਜ਼ੀ ਟਿਕਟ ਖਰੀਦਣੀ ਪਏਗੀ।

# ਆਪਣੇ ਓਇਸਟਰ ਕਾਰਡ ਦੀ ਵਰਤੋਂ ਕਿਵੇਂ ਕੀਤੀ ਜਾਵੇ

ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਟਿਊਬ (Tube), ਡੀਐਲਆਰ, ਲੰਡਨ ਓਵਰਗ੍ਰਾਊਂਡ ਅਤੇ ਸ਼ਾਮਲ ਹੋਣ ਵਾਲੀਆਂ ਨੈਸ਼ਨਲ ਰੇਲ ਸੇਵਾਵਾਂ 'ਤੇ ਸਹੀ ਕਿਰਾਏ ਦਾ ਭੁਗਤਾਨ ਕਰਦੇ ਹੋ, ਤੁਹਾਨੂੰ ਆਪਣੀ ਯਾਤਰਾ ਦੀ ਸ਼ੁਰੂਆਤ 'ਤੇ ਪੀਲੇ ਰੀਡਰ 'ਤੇ ਹਮੇਸ਼ਾਂ ਟੱਚ ਇਨ ਅਤੇ ਖਤਮ ਹੋਣ 'ਤੇ ਟੱਚ ਆਊਟ ਜ਼ਰੂਰ ਕਰਨਾ ਚਾਹੀਦਾ ਹੈ। ਜੇ ਤੁਸੀਂ ਅਜਿਹਾ ਨਹੀਂ ਕਰਦੇ ਤਾਂ ਵੱਧ ਤੋਂ ਵੱਧ ਨਕਦ ਕਿਰਾਏ ਦੀ ਵਸੂਲੀ ਕੀਤੀ ਜਾਵੇਗੀ। ਬੱਸਾਂ 'ਤੇ ਚੜ੍ਹਦੇ ਸਮੇਂ ਤੁਹਾਨੂੰ ਟੱਚ ਇਨ ਜ਼ਰੂਰ ਕਰਨਾ ਚਾਹੀਦਾ ਹੈ, ਟ੍ਰਾਮਾਂ 'ਤੇ ਚੜ੍ਹਨ ਤੋਂ ਪਹਿਲਾਂ ਤੁਹਾਨੂੰ ਟ੍ਰਾਮ ਸਟਾਪ ਦੇ ਪਲੇਟਫ਼ਾਰਮ 'ਤੇ ਪੀਲੇ ਰੀਡਰ ਉੱਪਰ ਟੱਚ ਇਨ ਜ਼ਰੂਰ ਕਰਨਾ ਚਾਹੀਦਾ ਹੈ ਪਰ ਦੋਹਾਂ ਹੀ ਸਥਿਤੀਆਂ ਵਿੱਚ ਤੁਹਾਨੂੰ ਆਪਣੀ ਯਾਤਰਾ ਦੇ ਖਤਮ ਹੋਣ 'ਤੇ ਟੱਚ ਆਊਟ ਬਿਲਕੁਲ ਵੀ ਨਹੀਂ ਕਰਨਾ ਚਾਹੀਦਾ (ਸਿਵਾਏ ਜਦੋਂ ਤੁਸੀਂ ਟ੍ਰਾਮ ਦੁਆਰਾ ਵਿੰਬਲਡਨ ਵੱਲ ਯਾਤਰਾ ਕਰ ਰਹੇ ਹੋਵੋ)।

ਜਦੋਂ ਤੁਸੀਂ ਪੀਲੇ ਕਾਰਡ ਰੀਡਰ 'ਤੇ ਆਪਣੇ ਓਇਸਟਰ ਕਾਰਡ ਨੂੰ ਪੱਧਰਾ ਕਰਕੇ ਛੁਹਾਉਂਦੇ ਹੋ, ਤਾਂ ਇੱਕ ਬੀਪ (5-10 ਅਤੇ 11-15 ਓਇਸਟਰ ਫ਼ੋਟੋਕਾਰਡਾਂ ਲਈ ਦੋ ਬੀਪਾਂ ਤੋਂ ਵੱਧ) ਦੇ ਨਾਲ ਹਰੀ ਬੱਤੀ ਜਗਣ ਦਾ ਮਤਲਬ ਹੁੰਦਾ ਹੈ ਕਿ ਇਸਨੂੰ ਯਾਤਰਾ ਲਈ ਸਵੀਕਾਰ ਕਰ ਲਿਆ ਗਿਆ ਹੈ। ਦੋ ਬੀਪਾਂ ਦੇ ਨਾਲ ਲਾਲ ਬੱਤੀ ਜਗਣ ਦਾ ਮਤਲਬ ਹੁੰਦਾ ਹੈ ਕਿ ਤੁਹਾਡਾ ਓਇਸਟਰ ਕਾਰਡ ਰੱਦ ਕਰ ਦਿੱਤਾ ਗਿਆ ਹੈ। ਤੁਹਾਡੇ ਲਾਜ਼ਮੀ ਤੌਰ 'ਤੇ ਉਦੋਂ ਤੱਕ ਅੱਗੇ ਨਹੀਂ ਜਾਣਾ ਚਾਹੀਦਾ ਜਦੋਂ ਤਕ ਜਾਂ ਤਾਂ ਤੁਹਾਡਾ ਓਇਸਟਰ ਕਾਰਡ ਯਾਤਰਾ ਲਈ ਸਵੀਕਾਰ ਨਾ ਕਰ ਲਿਆ ਜਾਵੇ ਜਾਂ ਤੁਸੀਂ ਆਪਣੀ ਯਾਤਰਾ ਦੇ ਲਈ ਵੱਖਰੇ ਤੌਰ 'ਤੇ ਭੁਗਤਾਨ ਨਾ ਕਰ ਦਿੱਤਾ ਹੋਵੇ।



## ਓਇਸਟਰ ਕਿੱਥੋਂ ਪ੍ਰਾਪਤ ਕੀਤਾ ਜਾਵੇ

ਤੁਸੀਂ ਓਇਸਟਰ ਕਾਰਡ **tfl.gov.uk/oyster** ਵਿਖੇ, ਓਇਸਟਰ ਟਿਕਟ ਸਟਾਪਾਂ ਵਿਖੇ, ਟਿਊਬ (Tube) ਅਤੇ ਲੰਡਨ ਓਵਰਗ੍ਰਾਊਂਡ ਸਟੇਸ਼ਨ ਦੇ ਟਿਕਟ ਦਫ਼ਤਰਾਂ ਜਾਂ ਲੰਡਨ ਟ੍ਰੈਵਲ ਇਨਫ਼ਾਰਮੇਸ਼ਨ ਸੈਂਟਰਾਂ ਤੋਂ ਪ੍ਰਾਪਤ ਕਰ ਸਕਦੇ ਹੋ।

ਤੁਸੀਂ ਹੇਠਾਂ ਦਿੱਤੀਆਂ ਥਾਵਾਂ ਤੋਂ ਓਇਸਟਰ 'ਤੇ ਨਕਦੀ ਭਰ ਸਕਦੇ ਹੋ ਜਾਂ ਸੀਜ਼ਨ ਟਿਕਟਾਂ ਖਰੀਦ ਜਾਂ ਨਵਿਆ ਸਕਦੇ ਹੋ:

- **tfl.gov.uk/oyster** 'ਤੇ ਆਨਲਾਈਨ (ਸਾਲਾਨਾ ਬੱਸ ਅਤੇ ਟ੍ਰਾਮ ਪਾਸ ਸਿਰਫ਼ ਪਹਿਲੀ ਵਾਰੀ ਜਾਰੀ ਕਰਨ ਲਈ ਹੀ ਆਨਲਾਈਨ ਉਪਲਬਧ ਹੁੰਦੇ ਹਨ)
- ਓਇਸਟਰ ਟਿਕਟ ਸਟਾਪਾਂ 'ਤੇ – **tfl.gov.uk/fares** 'ਤੇ ਆਪਣਾ ਨੇੜਲਾ ਓਇਸਟਰ ਟਿਕਟ ਸਟਾਪ ਆਨਲਾਈਨ ਲੱਭੋ
- ਟਿਊਬ (Tube) ਅਤੇ ਲੰਡਨ ਓਵਰਗ੍ਰਾਊਂਡ ਸਟੇਸ਼ਨ ਟਿਕਟ ਦਫ਼ਤਰਾਂ ਅਤੇ ਟੱਚਸਕ੍ਰੀਨ ਟਿਕਟ ਮਸ਼ੀਨਾਂ 'ਤੇ
- ਲੰਡਨ ਟ੍ਰੈਵਲ ਇਨਫ਼ਾਰਮੇਸ਼ਨ ਸੈਂਟਰਾਂ 'ਤੇ।

## ਅਗਾਊਂ ਟਿਕਟਾਂ ਖਰੀਦਣਾ

7 ਦਿਨ, ਮਹੀਨੇਵਾਰ ਅਤੇ ਵਧੇਰੇ ਲੰਬੇ ਸਮੇਂ (ਸਾਲਾਨਾ ਸਮੇਤ) ਦੇ ਟ੍ਰੈਵਲਕਾਰਡਾਂ ਅਤੇ ਬੱਸ ਅਤੇ ਟ੍ਰਾਮ ਪਾਸ ਸੀਜ਼ਨ ਟਿਕਟਾਂ ਨੂੰ ਹੇਠਾਂ ਦਿੱਤੇ ਅਨੁਸਾਰ ਨਵਿਆਇਆ ਜਾ ਸਕਦਾ ਹੈ:

- ਆਨਲਾਈਨ (ਸਿਰਫ਼ 7 ਦਿਨ, 1, 3 ਜਾਂ 6 ਮਹੀਨੇਵਾਰ ਅਤੇ ਸਾਲਾਨਾ ਟ੍ਰੈਵਲਕਾਰਡ) ਜਾਂ ਟਿਊਬ (Tube) ਅਤੇ ਲੰਡਨ ਓਵਰਗ੍ਰਾਊਂਡ ਸਟੇਸ਼ਨ ਟਿਕਟ ਦਫ਼ਤਰਾਂ ਵਿਖੇ ਪਹਿਲਾਂ ਤੋਂ 30 ਦਿਨਾਂ ਤਕ
- ਟਿਊਬ (Tube) ਅਤੇ ਲੰਡਨ ਓਵਰਗ੍ਰਾਊਂਡ ਸਟੇਸ਼ਨ ਟੱਚਸਕ੍ਰੀਨ ਮਸ਼ੀਨਾਂ 'ਤੇ ਪਹਿਲਾਂ ਤੋਂ 4 ਦਿਨਾਂ ਤੱਕ
- ਓਇਸਟਰ ਟਿਕਟ ਸਟਾਪਾਂ (7 ਦਿਨ ਅਤੇ ਮਹੀਨੇਵਾਰ ਟ੍ਰੈਵਲਕਾਰਡ/ਬੱਸ ਅਤੇ ਟ੍ਰਾਮ ਪਾਸ ਅਤੇ ਸਾਲਾਨਾ ਬੱਸ ਅਤੇ ਟ੍ਰਾਮ ਪਾਸ) ਵਿਖੇ ਅਤੇ ਲੰਡਨ ਟ੍ਰੈਵਲ ਇਨਫ਼ਾਰਮੇਸ਼ਨ ਸੈਂਟਰਾਂ ਵਿਖੇ (7 ਦਿਨ, ਮਹੀਨੇਵਾਰ ਅਤੇ ਸਾਲਾਨਾ ਟ੍ਰੈਵਲਕਾਰਡ ਅਤੇ ਬੱਸ ਅਤੇ ਟ੍ਰਾਮ ਪਾਸ) ਵਿਖੇ ਪਹਿਲਾਂ ਤੋਂ 7 ਦਿਨ ਤਕ।

ਓਇਸਟਰ ਫ਼ੋਟੋਕਾਰਡਾਂ ਅਤੇ ਬੱਚਿਆਂ, ਕਿਸ਼ੋਰਾਂ ਅਤੇ ਵਿਦਿਆਰਥੀਆਂ ਲਈ ਛੋਟਾਂ ਬਾਰੇ ਜਾਣਕਾਰੀ ਲਈ ਆਨਲਾਈਨ ਦੇਖੋ ਜਾਂ ਟਿਊਬ (Tube) ਸਟੇਸ਼ਨਾਂ ਅਤੇ ਓਇਸਟਰ ਟਿਕਟ ਸਟਾਪਾਂ ਤੋਂ ਲੀਫ਼ਲੈੱਟ ਚੁੱਕੋ।

# ਆਪਣੇ ਓਇਸਟਰ ਕਾਰਡ ਦੀ ਰੱਖਿਆ ਕਰੋ

ਜਦੋਂ ਤੁਸੀਂ ਆਪਣੇ ਓਇਸਟਰ ਕਾਰਡ ਨੂੰ ਰਜਿਸਟਰ ਕਰਦੇ ਹੋ ਤਾਂ ਤੁਹਾਡੇ ਕਾਰਡ ਦੇ ਗੁੰਮ ਜਾਂ ਚੋਰੀ ਹੋ ਜਾਣ ਦੀ ਸਥਿਤੀ ਵਿੱਚ ਤੁਹਾਡੀ ਨਕਦੀ ਅਤੇ ਸੀਜ਼ਨ ਟਿਕਟਾਂ ਸੁਰੱਖਿਅਤ ਹੁੰਦੀਆਂ ਹਨ - ਜਿਸ ਨਾਲ ਤੁਹਾਨੂੰ ਮਨ ਦੀ ਸ਼ਾਂਤੀ ਮਿਲਦੀ ਹੈ। ਤੁਸੀਂ ਯਾਤਰਾ ਬਾਰੇ ਉਹਨਾਂ ਤਾਜ਼ਾ ਜਾਣਕਾਰੀਆਂ (ਯੋਜਨਾਬੱਧ ਰੁਕਾਵਟਾਂ ਸਮੇਤ) ਜੋ ਤੁਹਾਡੇ ਬਾਕਾਇਦਾ ਸਫ਼ਰ ਨੂੰ ਪ੍ਰਭਾਵਤ ਕਰਦੀਆਂ ਹਨ, ਅਤੇ ਨਵੀਆਂ ਸੇਵਾਵਾਂ ਬਾਰੇ ਜਾਣਕਾਰੀ ਤੋਂ ਵੀ ਲਾਭ ਉਠਾ ਸਕਦੇ ਹੋ।

**tfl.gov.uk/oyster** 'ਤੇ ਆਪਣੇ ਕਾਰਡ ਦੀ ਆਨਲਾਈਨ ਰੱਖਿਆ ਕਰੋ ਜਾਂ ਆਪਣੇ ਸਥਾਨਕ ਓਇਸਟਰ ਟਿਕਟ ਸਟਾਪ, ਟਿਊਬ (Tube) ਜਾਂ ਲੰਡਨ ਓਵਰਗ੍ਰਾਊਂਡ ਸਟੇਸ਼ਨ ਤੋਂ ਇੱਕ ਰਜਿਸਟ੍ਰੇਸ਼ਨ ਫ਼ਾਰਮ ਚੁੱਕੋ।

ਭਰੇ ਹੋਏ ਰਜਿਸਟ੍ਰੇਸ਼ਨ ਫ਼ਾਰਮ ਨੂੰ ਆਪਣੇ ਓਇਸਟਰ ਕਾਰਡ ਦੇ ਨਾਲ ਇੱਥੇ ਵਾਪਸ ਦਿਓ:

- ਕਿਸੇ ਵੀ ਟਿਊਬ (Tube) ਜਾਂ ਲੰਡਨ ਓਵਰਗ੍ਰਾਊਂਡ ਸਟੇਸ਼ਨ ਟਿਕਟ ਦਫ਼ਤਰ ਵਿਖੇ
- ਓਇਸਟਰ ਟਿਕਟ ਸਟਾਪ 'ਤੇ
- ਲੰਡਨ ਟ੍ਰੈਵਲ ਇਨਫ਼ਾਰਮੇਸ਼ਨ ਸੈਂਟਰ 'ਤੇ।



# ਨੈਸ਼ਨਲ ਰੇਲ 'ਤੇ ਓਇਸਟਰ ਦੀ ਵਰਤੋਂ ਕਰਨੀ

ਲੰਡਨ ਵਿੱਚ (ਹੀਥਰੋ ਐਕਸਪ੍ਰੈਸ 'ਤੇ ਅਤੇ ਹੀਥਰੋ ਕਨੈਕਟ 'ਤੇ ਹੀਥਰੋ ਅਤੇ ਹੇਅਜ਼ ਅਤੇ ਹਾਰਲਿੰਗਟਨ ਦੇ ਵਿਚਕਾਰ ਤੋਂ ਛੁੱਟ) ਸਾਰੀਆਂ ਨੈਸ਼ਨਲ ਰੇਲ ਸੇਵਾਵਾਂ 'ਤੇ ਭੁਗਤਾਨ ਕੀਤੇ ਗਏ ਜ਼ੋਨਾਂ ਵਿੱਚ ਓਇਸਟਰ 'ਤੇ ਇਕੱਠੇ ਕੀਤੇ ਟ੍ਰੈਵਲਕਾਰਡਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਤੁਸੀਂ ਓਇਸਟਰ ਦੀ ਵਰਤੋਂ ਲੰਡਨ ਓਵਰਗ੍ਰਾਊਂਡ ਤੇ ਅਤੇ ਹੇਠਾਂ ਦਿੱਤੀਆਂ ਨੈਸ਼ਨਲ ਰੇਲ ਸੇਵਾਵਾਂ 'ਤੇ ਪੇ ਐਜ਼ ਯੂ ਗੋ ਲਈ ਵੀ ਕਰ ਸਕਦੇ ਹੋ:

- ਏਮਰਸ਼ਮ ਤੋਂ ਮੇਰਿਲੇਬੋਨ
- ਫਿਨਸਬਰੀ ਪਾਰਕ ਤੋਂ ਕਿੰਗਜ਼ ਕਰੌਸ/ਮੂਅਰਗੇਟ
- ਸਟ੍ਰਾਟਫ਼ੋਰਡ ਤੋਂ ਲਿਵਰਪੂਲ ਸਟ੍ਰੀਟ
- ਟੋਟੇਨਹੈਮ ਹੇਲ/ਸੈਵਨ ਸਿਸਟਰਜ਼ ਤੋਂ ਸਟ੍ਰਾਟਫ਼ੋਰਡ
- ਅਪਮਿਨਸਟਰ/ਰੇਨਹੈਮ (ਐਸੈੱਕਸ) ਤੋਂ ਫ਼ੈਨਚਰਚ ਸਟ੍ਰੀਟ/ਲਿਵਰਪੂਲ ਸਟ੍ਰੀਟ ਬਰਾਸਤਾ ਬਾਰਕਿੰਗ (ਪਰ ਫ਼ੋਰੈਸਟ ਗੇਟ/ਮੇਰੀਲੈਂਡ ਨਹੀਂ)
- ਵੌਲਥੈਮਸਟੋਅ ਸੈਂਟ੍ਰਲ/ਟੋਟੈਨਹੈਮ ਹੇਲ/ਸੈਵਨ ਸਿਸਟਰਜ਼ ਤੋਂ ਲਿਵਰਪੂਲ ਸਟ੍ਰੀਟ
- ਵਾਟਫ਼ੋਰਡ ਜੰਕਸ਼ਨ ਤੋਂ ਕਲੇਫ਼ੈਮ ਜੰਕਸ਼ਨ (ਸਾਊਦਰਨ ਸੇਵਾ)
- ਵਾਟਫ਼ੋਰਡ ਜੰਕਸ਼ਨ ਤੋਂ ਯੂਸਟਨ (ਲੰਡਨ ਮਿਡਲੈਂਡ ਸੇਵਾ)
- ਵੈਸਟ ਡ੍ਰੇਟਨ/ਗ੍ਰੀਨਫ਼ੋਰਡ ਤੋਂ ਪੈਡਿੰਗਟਨ
- ਵੈਸਟ ਹੈਂਪਸਟੈੱਡ (ਥੇਮਜ਼ਲਿੰਕ) ਤੋਂ ਮੂਅਰਗੇਟ/ਐਲੀਫ਼ੈਂਟ ਐਂਡ ਕਾਸਲ/ਲੰਡਨ ਬ੍ਰਿਜ
- ਵੈਸਟ ਰੁਈਸਲਿਪ ਤੋਂ ਮੇਰਿਲੇਬੋਨ।

ਜਿਹਨਾਂ ਰੂਟਾਂ 'ਤੇ ਪੇ ਐਜ਼ ਯੂ ਗੋ ਪ੍ਰਮਾਣਕ ਹੈ ਉਹਨਾਂ ਦੀ ਸੂਚੀ ਦਾ ਲਗਾਤਾਰ ਵਿਸਤਾਰ ਕੀਤਾ ਜਾ ਰਿਹਾ ਹੈ। ਯਾਤਰਾ ਕਰਨ ਤੋਂ ਪਹਿਲਾਂ, ਇਹ ਯਕੀਨੀ ਬਣਾਉਣ ਲਈ ਕਿ ਪੇ ਐਜ਼ ਯੂ ਗੋ ਸਵੀਕਾਰ ਕੀਤਾ ਜਾਂਦਾ ਹੈ, **tfl.gov.uk/fares** 'ਤੇ ਜਾਂ ਉਸ ਟ੍ਰੇਨ ਆਪਰੇਟਿੰਗ ਕੰਪਨੀ ਤੋਂ ਪਤਾ ਕਰੋ ਜਿਸ ਦੀ ਤੁਸੀਂ ਵਰਤੋਂ ਕਰੋਗੇ।

# ਆਮ ਤੌਰ 'ਤੇ ਪੁੱਛੇ ਜਾਂਦੇ ਸਵਾਲ

## ਜੇ ਮੇਰਾ ਓਇਸਟਰ ਕਾਰਡ ਗੁੰਮ ਜਾਂ ਚੋਰੀ ਹੋ ਜਾਂਦਾ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਹਾਡਾ ਓਇਸਟਰ ਕਾਰਡ ਗੁੰਮ ਜਾਂ ਚੋਰੀ ਹੋ ਜਾਂਦਾ ਹੈ ਤਾਂ ਜੇ ਇਹ ਆਨਲਾਈਨ ਰਜਿਸਟਰ ਜਾਂ ਸੁਰੱਖਿਅਤ ਕੀਤਾ ਹੋਇਆ ਹੈ ਤਾਂ ਤੁਹਾਡੀ ਨਕਦੀ ਅਤੇ/ਜਾਂ ਸੀਜ਼ਨ ਟਿਕਟ ਸੁਰੱਖਿਅਤ ਹੁੰਦੇ ਹਨ। ਤੁਸੀਂ ਇਸਦੀ ਸੂਚਨਾ ਆਨਲਾਈਨ **tfl.gov.uk/oyster** 'ਤੇ ਜਾਂ ਓਇਸਟਰ ਹੈਲਪਲਾਈਨ ਨੂੰ **0845 330 9876*** 'ਤੇ ਕਾਲ ਕਰਕੇ ਦੇ ਸਕਦੇ ਹੋ। ਤੁਹਾਨੂੰ ਇੱਕ ਨਵਾਂ ਕਾਰਡ ਜਾਰੀ ਕੀਤਾ ਜਾਵੇਗਾ ਅਤੇ ਤੁਹਾਡੇ ਕਾਰਡ ਉੱਪਰ ਕੋਈ ਵੀ ਬਕਾਇਆ ਨਕਦੀ ਜਾਂ ਸੀਜ਼ਨ ਟਿਕਟ ਨੂੰ ਤੁਹਾਡੇ ਨਵੇਂ ਕਾਰਡ 'ਤੇ ਦੁਬਾਰਾ ਚੜ੍ਹਾ ਦਿੱਤਾ ਜਾਵੇਗਾ। ਜੇ ਤੁਹਾਡਾ ਓਇਸਟਰ ਕਾਰਡ ਰਜਿਸਟਰ ਜਾਂ ਸੁਰੱਖਿਅਤ ਨਹੀਂ ਹੈ ਤਾਂ ਅਸੀਂ ਗੁੰਮ ਜਾਂ ਚੋਰੀ ਹੋਏ ਕਾਰਡ ਉੱਪਰ ਕੋਈ ਵੀ ਨਕਦੀ ਅਤੇ/ਜਾਂ ਸੀਜ਼ਨ ਟਿਕਟਾਂ ਬਦਲਣ ਤੋਂ ਅਸਮਰਥ ਹਾਂ।

## ਮੇਰੇ ਤੋਂ ਵੱਧ ਤੋਂ ਵੱਧ ਨਕਦ ਕਿਰਾਇਆ ਕਿਉਂ ਵਸੂਲਿਆ ਗਿਆ ਹੈ?

ਵੱਧ ਤੋਂ ਵੱਧ ਨਕਦ ਕਿਰਾਏ ਦੀ ਵਸੂਲੀ ਤਾਂ ਕੀਤੀ ਜਾਂਦੀ ਹੈ ਜੇ ਤੁਸੀਂ ਟਿਊਬ (Tube), ਡੀਐਲਆਰ, ਲੰਡਨ ਓਵਰਗ੍ਰਾਊਂਡ ਜਾਂ ਸ਼ਾਮਲ ਹੋਣ ਵਾਲੀਆਂ ਨੈਸ਼ਨਲ ਰੇਲ ਸੇਵਾਵਾਂ 'ਤੇ ਸਹੀ ਢੰਗ ਨਾਲ ਟੱਚ ਇਨ ਅਤੇ ਟੱਚ ਆਊਟ ਨਹੀਂ ਕਰਦੇ। ਓਇਸਟਰ ਲਈ ਸਹੀ ਕਿਰਾਏ ਦਾ ਹਿਸਾਬ ਲਗਾਉਣ ਲਈ ਇਹ ਜਾਣਨਾ ਜ਼ਰੂਰੀ ਹੁੰਦਾ ਹੈ ਕਿ ਤੁਹਾਡੀ ਯਾਤਰਾ ਕਿੱਥੇ ਸ਼ੁਰੂ ਅਤੇ ਖਤਮ ਹੁੰਦੀ ਹੈ।

## ਜੇ ਮੇਰੇ ਓਇਸਟਰ ਕਾਰਡ 'ਤੇ ਮਨਫ਼ੀ ਬਕਾਇਆ ਹੋਵੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਤੁਹਾਨੂੰ ਆਪਣੀ ਅਗਲੀ ਯਾਤਰਾ ਕਰਨ ਲਈ ਬਕਾਇਆ ਚੁਕਾਉਣ ਵਾਸਤੇ ਨਕਦੀ ਭਰਨੀ ਪਏਗੀ।

## ਮੈਨੂੰ ਲਗਦਾ ਹੈ ਕਿ ਮੇਰੇ ਤੋਂ ਵਾਧੂ ਵਸੂਲੀ ਕੀਤੀ ਗਈ ਹੈ। ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਹਾਡਾ ਕਾਰਡ ਰਜਿਸਟਰ ਹੋਇਆ ਹੈ ਤਾਂ ਕਿਰਪਾ ਕਰਕੇ ਆਪਣੀ ਯਾਤਰਾ ਦੇ ਵੇਰਵੇ ਆਨਲਾਈਨ ਦੇਖੋ, ਜਾਂ ਇਹ ਦੇਖਣ ਲਈ ਟੱਚਸਕ੍ਰੀਨ ਟਿਕਟ ਮਸ਼ੀਨ ਦੀ ਵਰਤੋਂ ਕਰੋ ਕਿ ਤੁਹਾਡੇ ਤੋਂ ਕਿੰਨੀ ਵਸੂਲੀ ਕੀਤੀ ਗਈ ਹੈ। ਜੇ ਤੁਹਾਡਾ ਆਪਣੇ ਕਿਰਾਇਆਂ ਬਾਰੇ ਅਜੇ ਵੀ ਕੋਈ ਸਵਾਲ ਹੋਵੇ ਤਾਂ ਓਇਸਟਰ ਹੈਲਪਲਾਈਨ ਨੂੰ **0845 330 9876*** 'ਤੇ ਕਾਲ ਕਰੋ।

## ਮੇਰੀ ਯਾਤਰਾ ਵਿੱਚ ਦੇਰੀ ਹੋ ਗਈ ਸੀ। ਕੀ ਇਸਦਾ ਅਸਰ ਇਸ ਗੱਲ 'ਤੇ ਪਏਗਾ ਕਿ ਮੈਂ ਕਿੰਨਾ ਭੁਗਤਾਨ ਕਰਨਾ ਹੈ?

ਜੇ ਟਿਊਬ (Tube), ਡੀਐਲਆਰ, ਲੰਡਨ ਓਵਰਗ੍ਰਾਊਂਡ ਅਤੇ ਸ਼ਾਮਲ ਹੋਣ ਵਾਲੀਆਂ ਨੈਸ਼ਨਲ ਰੇਲ ਸੇਵਾਵਾਂ 'ਤੇ ਟੱਚ ਇਨ ਅਤੇ ਟੱਚ ਆਊਟ ਕਰਨ ਵਿਚਾਲੇ ਦਾ ਸਮਾਂ ਢਾਈ ਘੰਟੇ ਨਾਲੋਂ ਵੱਧ ਹੈ, ਤਾਂ ਹੋ ਸਕਦਾ ਹੈ ਕਿ ਪੇ ਐਜ਼ ਯੂ ਗੋ ਦੀ ਵਰਤੋਂ ਕਰਦੇ ਸਮੇਂ ਤੁਹਾਡੇ ਤੋਂ ਦੁਗਣੀ ਰਕਮ ਦੀ ਵਸੂਲੀ ਕੀਤੀ ਜਾਵੇ। ਜੇ ਅਜਿਹਾ ਹੋਇਆ ਹੈ ਤਾਂ ਸੰਭਵ ਧਨ ਵਾਪਸੀ ਬਾਰੇ ਜਾਣਕਾਰੀ ਲਈ ਓਇਸਟਰ ਹੈਲਪਲਾਈਨ ਨੂੰ **0845 330 9876*** 'ਤੇ ਕਾਲ ਕਰੋ।

ਜੇ ਤੁਹਾਡੀ ਟਿਊਬ (Tube) ਯਾਤਰਾ ਵਿੱਚ ਸਾਡੇ ਵੱਸ ਵਿਚਲੇ ਹਾਲਾਤ ਦੁਆਰਾ 15 ਮਿੰਟ ਤੋਂ ਵੱਧ ਦੇਰੀ ਹੋ ਜਾਂਦੀ ਹੈ ਤਾਂ ਤੁਸੀਂ ਕਸਟਮਰ ਚਾਰਟਰ (Customer Charter) ਫ਼ਾਰਮ ਦੀ ਵਰਤੋਂ ਕਰਕੇ ਧਨ ਵਾਪਸੀ ਲਈ ਅਰਜ਼ੀ ਦੇ ਸਕਦੇ ਹੋ।

ਜੇ ਤੁਹਾਡੀ ਲੰਡਨ ਓਵਰਗ੍ਰਾਊਂਡ ਯਾਤਰਾ ਵਿੱਚ ਸਾਡੇ ਵੱਸ ਵਿਚਲੇ ਹਾਲਾਤ ਦੁਆਰਾ 30 ਮਿੰਟ ਤੋਂ ਵੱਧ ਦੇਰੀ ਹੋ ਜਾਂਦੀ ਹੈ ਤਾਂ ਤੁਸੀਂ ਇਕਤਰਫ਼ਾ ਦੇਰੀ ਵਾਲੀ ਯਾਤਰਾ ਦੀ ਕੀਮਤ ਦੀ ਧਨ ਵਾਪਸੀ ਲਈ ਅਰਜ਼ੀ ਦੇ ਸਕਦੇ ਹੋ।

ਕਸਟਮਰ ਚਾਰਟਰ ਫ਼ਾਰਮ **tfl.gov.uk/fares** 'ਤੇ ਜਾਂ ਟਿਊਬ (Tube) ਅਤੇ ਲੰਡਨ ਓਵਰਗ੍ਰਾਊਂਡ ਸਟੇਸ਼ਨਾਂ 'ਤੇ ਉਪਲਬਧ ਹਨ।

## ਜੇ ਮੇਰਾ ਓਇਸਟਰ ਕਾਰਡ ਕੰਮ ਨਹੀਂ ਕਰਦਾ ਤਾਂ ਕੀ ਹੋਵੇਗਾ?

ਅਜਿਹਾ ਘੱਟ ਹੀ ਹੁੰਦਾ ਹੈ ਕਿ ਓਇਸਟਰ ਕਾਰਡ ਕੰਮ ਕਰਨਾ ਬੰਦ ਕਰ ਦੇਵੇ, ਜੇ ਤੁਹਾਡਾ ਕਾਰਡ ਕੰਮ ਨਹੀਂ ਕਰਦਾ ਤਾਂ ਸਟਾਫ਼ ਦੇ ਕਿਸੇ ਮੈਂਬਰ ਨਾਲ ਸੰਪਰਕ ਕਰੋ ਜਾਂ **0845 330 9876*** 'ਤੇ ਓਇਸਟਰ ਹੈਲਪਲਾਈਨ ਨੂੰ ਕਾਲ ਕਰੋ।

## ਮੈਂ ਵਿੰਬਲਡਨ ਸਟੇਸ਼ਨ ਤੱਕ/ਤੋਂ ਟ੍ਰਾਮ ਲੈਂਦਾ/ਲੈਂਦੀ ਹਾਂ। ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਸੀਂ ਵਿੰਬਲਡਨ ਤੱਕ ਟ੍ਰਾਮ ਰਾਹੀਂ ਯਾਤਰਾ ਕਰਦੇ ਹੋ ਤਾਂ ਹਮੇਸ਼ਾਂ ਆਪਣੀ ਯਾਤਰਾ ਦੀ ਸ਼ੁਰੂਆਤ ਵਿੱਚ ਟੱਚ ਇਨ ਕਰੋ ਅਤੇ ਸਟੇਸ਼ਨ ਛੱਡਕੇ ਜਾਂਦੇ ਸਮੇਂ ਸਟੇਸ਼ਨ ਦੇ ਗੇਟਾਂ 'ਤੇ ਟੱਚ ਆਊਟ ਕਰੋ। ਬਾਹਰ ਨਿਕਲਦੇ ਸਮੇਂ ਹੱਥ ਨਾਲ ਖੁੱਲ੍ਹਣ ਵਾਲੇ ਗੇਟ 'ਤੇ ਲੱਗੇ ਪੀਲੇ ਰੀਡਰ ਦੀ ਵਰਤੋਂ ਨਾ ਕਰੋ। **ਵਿੰਬਲਡਨ ਤੋਂ** ਟ੍ਰਾਮ ਰਾਹੀਂ ਯਾਤਰਾ ਕਰਦੇ ਸਮੇਂ, ਹਮੇਸ਼ਾਂ ਸਟੇਸ਼ਨ ਦੇ ਗੇਟਾਂ 'ਤੇ ਟੱਚ ਇਨ ਕਰੋ ਅਤੇ ਫੇਰ ਚੜ੍ਹਨ ਤੋਂ ਪਹਿਲਾਂ ਟ੍ਰਾਮ ਪਲੇਟਫ਼ਾਰਮ 'ਤੇ ਪੀਲੇ ਰੀਡਰ 'ਤੇ ਦੁਬਾਰਾ ਟੱਚ ਇਨ ਕਰੋ।

## ਮੈਨੂੰ ਆਪਣੇ ਓਇਸਟਰ ਕਾਰਡ ਦਾ ਧਿਆਨ ਕਿਵੇਂ ਰੱਖਣਾ ਚਾਹੀਦਾ ਹੈ?

- ਇਸਨੂੰ ਇਸਦੇ ਪਰਸ ਵਿੱਚ ਰੱਖੋ
- ਆਪਣੇ ਓਇਸਟਰ ਕਾਰਡ ਨੂੰ ਦੂਜੇ ਕ੍ਰੈਡਿਟ/ਡੈਬਿਟ ਕਾਰਡਾਂ ਤੋਂ ਅਲੱਗ ਰੱਖੋ
- ਕਾਰਡ ਨੂੰ ਮੋੜੋ ਨਾ।

## ਹੋਰ ਮਦਦ ਦੀ ਲੋੜ ਹੈ?

- **tfl.gov.uk/oyster** 'ਤੇ ਜਾਓ
- **0845 330 9876*** 'ਤੇ ਕਾਲ ਕਰੋ

ਜਨਵਰੀ 2009

ਸਾਰੀ ਜਾਣਕਾਰੀ ਛਪਾਈ ਲਈ ਜਾਣ ਸਮੇਂ ਸਹੀ। ਵਧੇਰੇ ਤਾਜ਼ਾ ਜਾਣਕਾਰੀ ਲਈ, ਕਿਰਪਾ ਕਰਕੇ **tfl.gov.uk/oyster** 'ਤੇ ਜਾਓ।

ਵੈਬਸਾਈਟ

**tfl.gov.uk/oyster**

ਓਇਸਟਰ ਹੈਲਪਲਾਈਨ ਨੰਬਰ

**0845 330 9876**

* ਬੀਟੀ ਰਿਹਾਇਸ਼ੀ ਗਾਹਕਾਂ ਲਈ, ਓਇਸਸਟਰ ਹੈਲਪਲਾਈਨ 'ਤੇ ਕਾਲਾਂ ਦਾ ਖਰਚਾ 3.5p ਪ੍ਰਤੀ ਮਿੰਟ (ਜਨਵਰੀ 2009 'ਤੇ ਵਰਤਮਾਨ) ਤੋਂ ਵੱਧ ਨਹੀਂ ਆਏਗਾ। ਗੈਰ-ਬੀਟੀ ਫ਼ੋਨ ਲਾਈਨਾਂ 'ਤੇ ਖਰਚਾ ਸ਼ਾਇਦ ਵੱਖ ਹੋ ਸਕਦਾ ਹੈ।